ਫੋਨ, ਫੈਕਸ ਤੇ ਈ-ਮੇਲ ਨੰਬਰ
657256
657257
657258
ਫੈਕਸ – 0172 - 654055
E-mail:-deshsewak@Glide.net.in

ਦੇਸ਼ ਸੇਵਕ

ਨਿੱਰਭਰ ਸੋਚ, ਨਿਡਰ ਅਵਾਜ਼

DESH SEWAK DAILY - CHANDIGARH

ਹਫਤਾਵਾਰੀ ਮੁਲਾਕਾਤ

ਰਜਿ. ਨੰ: 62951/95 | ਜਿਲਦ - 5, ਅੰਕ - 16 | ਚੰਡੀਗੜ੍ਹ, ਐਤਵਾਰ 16 ਜਨਵਰੀ, 2000 | ਮੁਤਾਬਕ 3 ਮਾਘ ਸੰਮਤ 2056 | ਰਜਿ ਨੰ: PB/0072/2000 | ਮੁੱਲ : 2.00

ਮੌਸਮ ਚੰਡੀਗੜ੍ਹ

ਵੱਧ ਤੋਂ ਵੱਧ ਤਾਪਮਾਨ 15.8 ਡਿਗਰੀ ਸੈਲਸੀਅਸ, ਘੱਟ ਤੋਂ ਘੱਟ ਤਾਪਮਾਨ 2.6 ਡਿਗਰੀ ਸੈਲਸੀਅਸ, ਵੱਧ ਤੋਂ ਵੱਧ ਸਾਪੇਖਕ ਨਮੀ 93.0%, ਘੱਟ ਤੋਂ ਘੱਟ ਸਾਪੇਖਕ ਨਮੀ 43.0%, ਔਸਤ ਸੂਰਜ 5.44 ਘਨੇ ਛੁਪੇਗਾ ਤੇ ਚੰਦ੍ਰ ਨੂੰ 07.21 ਘਨੇ ਚੜ੍ਹੂਗਾ।

ਸੰਭਾਵਨਾ : ਖਾਰਾ ਸਾਫ ਰਹੇਗਾ। ਰਾਤ ਦੇ ਤਾਪਮਾਨ 'ਚ ਕੋਈ ਖਾਸੀ ਤਬਦੀਲੀ ਨਹੀਂ ਹੋਵੇਗੀ।

ਪੰਜਾਬ ਕਲਾ ਪ੍ਰੀਸ਼ਦ ਦਾ ਸੰਕਟ

ਗੁਰਸ਼ਰਨ ਸਿੰਘ

ਫੋਟੋਆਂ : ਦੇਸ਼ ਸੇਵਕ/ਅਜੇ ਵਰਮਾ

ਪੰਜਾਬ ਦੇ ਹੋਰ ਕਈ ਸਰਕਾਰੀ ਅਦਾਰਿਆਂ ਵਾਂਗ 'ਪੰਜਾਬ ਕਲਾ ਪ੍ਰੀਸ਼ਦ' ਵੀ ਸੰਕਟ ਵਿਚ ਹੈ। ਸੰਕਟ ਵਿਚ ਇਸ ਲਈ ਹੈ ਕਿਉਂਕਿ ਜਿਸ ਰਕਮ ਦੇ ਸੂਏ ਨਾਲ ਕਲਾ ਪ੍ਰੀਸ਼ਦ ਆਪਣਾ

ਐਚ.ਐਸ. ਭੱਟੀ (ਜਨਰਲ ਮੈਨੇਜਰ)

ਖਰਚਾ ਚਲਾਉਂਦੀ ਹੈ, ਉਸ ਰਕਮ ਦਾ ਇਕ ਵੱਡਾ ਹਿੱਸਾ ਇਕ ਹੋਰ ਸਰਕਾਰੀ ਅਦਾਰੇ 'ਪਨਵਾਇਰ' ਹਾਥੋ ਵਿਖੇ ਐਫ ਡੀਆਂ ਦੀ ਸ਼ਕਲ ਵਿਚ ਜਮ੍ਹਾਂ ਹੋਇਆ ਹੈ, ਪਰ 'ਪਨਵਾਇਰ' ਦਾ ਅਦਾਰਾ ਗਲਤ ਪ੍ਰਬੰਧ ਕਰਕੇ ਦੀਵਾਲੀਆ ਹੋ ਗਿਆ ਹੈ। ਉਹਦਾ ਡਾਇਰੈਕਟਰ ਅੱਜ-ਕੱਲ੍ਹ ਜੇਲ੍ਹ ਵਿਚ ਹੈ। ਇਸ ਸਾਰੇ ਕੁਝ ਦਾ ਨਤੀਜਾ ਇਹ ਹੋਇਆ ਹੈ ਕਿ ਕਲਾ ਪ੍ਰੀਸ਼ਦ ਦੇ ਚਾਰ ਮੁਲਾਜ਼ਮਾਂ ਨੂੰ ਬਲੀ ਦਾ ਬੱਕਰਾ ਬਣਾ ਕੇ ਨੌਕਰੀ ਤੋਂ ਜਵਾਬ ਦੇ ਦਿੱਤਾ ਗਿਆ ਹੈ। ਗ਼ਲਤੀ ਉਹਨਾਂ ਦੀ ਹੈ, ਜਿਹਨਾਂ ਨੇ ਪ੍ਰੀਸ਼ਦ ਦੀ ਸੀਮਤ ਰਕਮ ਨੂੰ ਬੈਂਕ ਜਾਂ ਡਾਕਖਾਨੇ ਰੱਖਣ ਦੀ ਥਾਂ ਸਨਅਤੀ ਅਦਾਰੇ ਵਿਚ ਜਾ ਲਗਾਈ, ਇਹ ਕਹਿਕੇ ਕਿ ਉਹ ਅਦਾਰਾ ਪੰਜਾਬ ਸਰਕਾਰ ਦਾ ਹੈ। ਅੱਗੋਂ ਉਹ ਅਦਾਰਾ ਪ੍ਰਬੰਧਕੀ ਨਾਲਾਇਕੀ ਕਰਕੇ ਦੀਵਾਲੀਆ ਹੋ ਗਿਆ, ਪਰ ਉਸ ਸਾਰੇ ਦੀ ਸਜਾ ਮਿਲੀ ਪ੍ਰੀਸ਼ਦ ਦੇ ਗਰੀਬ ਚਾਰ ਮੁਲਾਜ਼ਮਾਂ ਨੂੰ। ਉਹਨਾਂ ਦੇ ਬੱਚਿਆਂ ਦੀ ਰੋਟੀ ਖੋਹ ਲਈ ਗਈ ਹੈ। ਇਹ ਬਿਲਕੁਲ ਹੀ ਗੌਰ-ਮਾਨਵੀ ਪਹੁੰਚ ਹੈ ਅਤੇ ਸੂਖ਼ਮ ਕਲਾਵਾਂ ਨਾਲ ਜੁੜਦੀ ਇਸ ਸੰਸਥਾ ਦੇ ਪ੍ਰਬੰਧਕਾਂ ਵੱਲੋਂ ਚੁੱਕਿਆ ਇਕ ਗ਼ਲਤ ਕਦਮ ਹੈ। ਮਸਲੇ ਦਾ ਕੀ ਹੱਲ ਹੋਵੇ? ਇਹ ਵਿਚਾਰਨ ਤੋਂ ਪਹਿਲਾਂ ਸਭ ਤੋਂ ਵੱਡੀ ਲੋੜ ਹੈ ਕਿ ਇਹਨਾਂ ਚਾਰ ਮੁਲਾਜ਼ਮਾਂ ਦੀ ਨੌਕਰੀ ਬਹਾਲ ਕੀਤੀ ਜਾਏ ਅਤੇ ਪੰਜਾਬ ਸਰਕਾਰ ਇਸ ਵਿਚ ਬਾਕਾਇਦਾ ਦਖ਼ਲਅੰਦਾਜ਼ੀ ਕਰੇ।

ਪੰਜਾਬ ਸਰਕਾਰ ਦੀ ਦਖ਼ਲਅੰਦਾਜ਼ੀ ਦੀ ਗੱਲ ਤਾ ਕੀਤੀ ਜਾ ਰਹੀ ਹੈ, ਕਿਉਂਕਿ ਇਹ ਅਦਾਰਾ ਕਾਇਮ ਵੀ ਪੰਜਾਬ ਸਰਕਾਰ ਵੱਲੋਂ 1978 ਵਿਚ ਉਹਦੀ ਨੋਟੀਫਿਕੇਸ਼ਨ ਨੰਬਰ 275-1, ਟੀ ਐਂਡ ਸੀ–78/1783 ਮਿਤੀ 18.1.1978 ਦੁਆਰਾ ਕੀਤਾ ਗਿਆ ਸੀ ਅਤੇ ਇਹ ਕਾਇਮ ਕਰਨ ਲਈ ਮੁੱਢਲੀ ਰਕਮ ਵੀ ਸਾਰੀ ਸਰਕਾਰ ਨੇ ਖਰਚੀ ਅਤੇ ਇਹਦੀ ਬਿਲਡਿੰਗ ਜਾਂ ਕੰਪਲੈਕਸ ਬਣਾਉਣ ਲਈ ਸਾਰਾ ਖਰਚਾ ਪੰਜਾਬ ਸਰਕਾਰ ਨੇ ਕੀਤਾ ਹੈ। 1981 ਵਿਚ ਇਹਦਾ ਜੋ ਵਿਧਾਨ ਬਣਿਆ ਉਹ ਵੀ ਪੰਜਾਬ ਸਰਕਾਰ ਦੇ ਸਭਿਆਚਾਰਕ ਮਾਮਲੇ ਵਿਭਾਗ ਅਤੇ ਸੈਰ ਸਪਾਟਾ ਵਿਭਾਗ ਦੀ ਨੋਟੀਫਿਕੇਸ਼ਨ ਨੰਬਰ 3 (6) – 78- ਆਈ ਟੀ. 9 ਮਿਤੀ 30 ਜੁਲਾਈ 1981 ਰਾਹੀਂ ਹੋਂਦ ਵਿਚ ਆਇਆ ਅਤੇ ਇਸ ਵਿਧਾਨ ਦੀ ਧਾਰਾ 13 ਕਹਿੰਦੀ ਹੈ ਕਿ ਪੰਜਾਬ ਸਰਕਾਰ ਜੋ ਵੀ ਕਲਾ ਪ੍ਰੀਸ਼ਦ ਨੂੰ ਹਦਾਇਤ ਦੇਵੇਗੀ ਉਹ ਕਲਾ ਪ੍ਰੀਸ਼ਦ ਤੇ ਉਹਦੇ ਨਾਲ ਸਬੰਧਤ ਅਕੈਡਮੀਆਂ ਨੂੰ ਮੰਨਣੀ ਪਵੇਗੀ। ਇਸ ਲਈ ਸੰਕਟ ਵੇਲੇ ਪੰਜਾਬ ਸਰਕਾਰ ਦੀ ਦਖ਼ਲਅੰਦਾਜ਼ੀ ਦੇਣੀ ਬਣਦੀ ਹੈ। ਕਲਾ ਪ੍ਰੀਸ਼ਦ ਦੇ ਮੁਲਾਜ਼ਮਾਂ ਨੂੰ ਅਹੁਦੇਦਾਰਾਂ ਦੇ ਰਹਿਮੋ-ਕਰਮ ਤੇ ਨਹੀਂ ਛੱਡਿਆ ਜਾ ਸਕਦਾ। ਹਰ ਇਕ ਅਦਾਰੇ ਦੇ ਕੁਝ ਕਾਇਦੇ ਕਾਨੂੰਨ ਹੁੰਦੇ ਹਨ। ਪ੍ਰਬੰਧਕ ਪ੍ਰਾਈਵੇਟ ਅਦਾਰਿਆਂ ਵਾਂਗ ਆਪ ਹੁਦਰੀ ਨਹੀਂ ਕਰ ਸਕਦੇ।

ਪੰਜਾਬ ਕਲਾ ਪ੍ਰੀਸ਼ਦ ਦਾ ਇਤਿਹਾਸ ਦੱਸਦਾ ਹੈ ਕਿ ਇਸ ਅਦਾਰੇ ਵਿਚ ਜਿਹੜੇ ਮੁਲਾਜ਼ਮ ਕੰਮ ਕਰਦੇ ਹਨ, ਇਹਨਾਂ ਦੇ ਸਰਵਿਸ ਰੂਲਜ਼ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਵਾਲੇ ਹੀ ਰਹੇ ਹਨ। ਕਲਾ ਪ੍ਰੀਸ਼ਦ ਅਤੇ ਉਹਦੇ ਨਾਲ ਜੁੜਦੀਆ ਤਿੰਨੇ ਅਕੈਡਮੀਆਂ ਦੇ ਅਹੁਦੇਦਾਰਾਂ ਦੀ ਚੋਣ ਹਰ ਤਿੰਨ ਸਾਲ ਬਾਅਦ ਹੁੰਦੀ ਹੈ, ਪਰ ਮੁਲਾਜ਼ਮ ਪੱਕੇ ਤੌਰ 'ਤੇ ਰਹਿੰਦੇ ਹਨ। ਇਹ ਕਲਰਕ, ਸੇਵਾਦਾਰ, ਚੌਕੀਦਾਰ, ਮਾਲੀ ਆਦਿਕ ਹੁੰਦੇ ਹਨ। ਅਦਾਰਾ ਚਲਾਉਣ ਲਈ ਮੁਲਾਜ਼ਮਾਂ ਲਈ ਸੁਰੱਖਿਆ ਦੀ ਭਾਵਨਾ ਜ਼ਰੂਰੀ ਹੈ। ਇਹ ਸੁਰੱਖਿਆ ਨਾ ਹੋਵੇ ਤਾਂ ਫੇਰ ਕੰਮ ਕਿਸ ਤਰ੍ਹਾਂ ਚਲ ਸਕਦਾ ਹੈ? ਸਾਰੇ ਸਰਕਾਰੀ ਦਫ਼ਤਰਾਂ ਵਿਚ ਚੰਗਾ ਕੰਮ ਕਰਨ ਵਾਲੇ ਵੀ ਹੁੰਦੇ ਹਨ, ਕੰਮਚੋਰ ਵੀ ਹੁੰਦੇ ਹਨ, ਸਿਆਣੇ ਵੀ ਹੁੰਦੇ ਹਨ, ਘੱਟ ਸਿਆਣੇ ਵੀ ਹੁੰਦੇ ਹਨ ਅਤੇ ਸਿਆਣਪ ਤੋਂ ਵਿਹੂਣੇ ਵੀ ਹੁੰਦੇ ਹਨ। ਸਭ ਕਿਸਮ ਦੇ ਲੋਕ ਹੁੰਦੇ ਹਨ। ਇਹ ਸਰਕਾਰੀ ਅਦਾਰਿਆਂ ਦੀ ਸਥਾਪਤ ਵਿਸ਼ੇਸ਼ਤਾ ਹੈ।

ਪ੍ਰਬੰਧਕੀ ਵਿਭਾਗ ਦੀ ਲਿਆਕਤ ਹੁੰਦੀ ਹੈ ਕਿ ਉਹ ਹਰ ਇਕ ਕੋਲੋਂ ਸਮਰੱਥਾ ਮੁਤਾਬਿਕ ਕੰਮ ਲਏ। ਇਹ ਨਹੀਂ ਕਿ ਛਾਂਟੀ ਦੀ ਕੁਹਾੜੀ ਚਲਾ ਦੇਵੇ। ਇਹ ਗੱਲ ਤਾਂ ਲਿਖੀ ਜਾ ਰਹੀ ਹੈ ਕਿ ਕਲਾ ਪ੍ਰੀਸ਼ਦ ਦੇ ਪ੍ਰਬੰਧਕਾਂ ਵੱਲੋਂ ਇਹ ਸੁਨਨ ਵਿਚ ਆਇਆ ਹੈ ਕਿ ਛਾਂਟੀ ਕੀਤੇ ਜਾਣ ਵਾਲੇ ਮੁਲਾਜ਼ਮ ਚੰਗੇ ਵਰਕਰ ਨਹੀਂ ਹਨ। ਉਹਨਾਂ ਵਿਚੋਂ ਕੋਈ ਫੁੱਲ ਵੇਚਦਾ ਹੈ ਜਾਂ ਠੇਕੇਦਾਰੀ ਕਰਦਾ ਹੈ, ਕਰਦੇ ਹੋਣਗੇ ਪਰ ਉਹਦੇ ਲਈ ਡਿਸਪਲਨ ਦੀ ਲੋੜ ਹੈ, ਕਸੂਰ ਦੱਸੇ ਬਗੈਰ ਛਾਂਟੀ ਦੀ ਨਹੀਂ।

ਇਸੇ ਸੰਦਰਭ ਵਿਚ ਆਪਣੀ ਵੀ ਕਾਰਗੁਜ਼ਾਰੀ 'ਤੇ ਨਜ਼ਰ ਮਾਰਨ ਦੀ ਲੋੜ ਹੈ। ਸਵਾਲ ਪੁੱਛਿਆ ਜਾ ਸਕਦਾ ਹੈ ਕਿ ਕੀ ਪੰਜਾਬ ਕਲਾ ਪ੍ਰੀਸ਼ਦ ਉਹਨਾਂ ਉਦੇਸ਼ਾਂ ਨੂੰ ਪੂਰਾ ਕਰਨ ਵਿਚ ਸਫ਼ਲ ਹੋ ਸਕੀ ਹੈ, ਜਿਸਦੇ ਵਾਸਤੇ ਇਹ ਸੰਸਥਾ ਹੋਂਦ ਵਿਚ ਆਈ ਸੀ? ਇਸ ਸਵਾਲ ਦਾ ਜਵਾਬ ਸੇਕਰ ਸਮੁੱਚੇ ਪੰਜਾਬ ਨੂੰ ਲਈਦੇ ਤਾ ਕੋਈ ਤਸੱਲੀਵਾਲਾ ਨਹੀਂ ਹੋਵੇਗਾ।

ਪੰਜਾਬ ਕਲਾ ਪ੍ਰੀਸ਼ਦ 1978 ਵਿਚ ਸਵਰਗੀ ਐਮ ਐਸ. ਰੰਧਾਵਾ ਦੀਆਂ ਕੋਸ਼ਿਸ਼ਾਂ ਨਾਲ ਹੋਂਦ ਵਿਚ ਆਇਆ। ਉਦੇਸ਼ ਸਨ ਕਿ ਸੂਖ਼ਮ ਕਲਾਵਾਂ ਰਾਹੀਂ ਪੰਜਾਬ ਦੇ ਲੋਕਾਂ ਨੂੰ ਵੱਧ ਤੋਂ ਵੱਧ ਸੰਵੇਦਨਸ਼ੀਲ ਬਣਾਇਆ ਜਾਏ। 1981 ਵਿਚ ਇਹਦਾ ਵਿਧਾਨ ਇਸ ਤਰ੍ਹਾਂ ਬਣਾਇਆ ਗਿਆ ਕਿ ਇਹ ਇਕ ਖੁਦਮੁਖ਼ਤਿਆਰ ਅਦਾਰਾ ਹੋਵੇ। ਸਰਕਾਰ ਦਾ ਦਖ਼ਲ ਨਾ ਹੋਵੇ। ਰੰਧਾਵਾ ਹੋਰਾਂ ਦਾ ਵਿਚਾਰ ਸੀ ਕਿ ਸਰਕਾਰਾਂ ਬਦਲਦੀਆਂ ਰਹਿਣਗੀਆਂ, ਸਰਕਾਰ ਦੇ ਸਭਿਆਚਾਰਕ ਮਾਮਲੇ ਵਿਭਾਗ ਦੇ ਅਧਿਕਾਰੀ ਬਦਲਦੇ ਰਹਿਣਗੇ, ਇਸ ਲਈ ਪੰਜਾਬ ਕਲਾ ਪ੍ਰੀਸ਼ਦ ਦੀ ਪ੍ਰਬੰਧਕੀ ਕਲਾ ਨਾਲ ਜੁੜੇ ਹੋਏ ਲੋਕਾਂ ਕੋਲ ਹੀ ਰਹੇ। ਹੁਣ ਵਾਲਾ ਕੰਪਲੈਕਸ ਹੁਣ ਸਾਰੇ ਦੇਸ਼ ਵਿਚ ਜਾਣਿਆ ਜਾਣ ਵਾਲਾ

(ਬਾਕੀ ਸਫ਼ਾ ੩ 'ਤੇ)





ਬਾਨਾ! ਇਹ ਉਦਾਸੀਆਂ ਨਾ ਮੇਰੇ ਵਿਹੜੇ ਆਉਣ
(ਪੰਜਾਬ ਕਲਾ ਭਵਨ ਦੇ ਉਪਨ ਏਅਰ ਥੀਏਟਰ ਦਾ ਇਕ ਦ੍ਰਿਸ਼)



ਡਾ. ਹਰਚਰਨ ਸਿੰਘ (ਚੇਅਰਮੈਨ)

ਡਾ. ਜਸਲੀਪ ਕੌਰ ਰਿਵਾਣਾ



ਮੇਜਰ ਸਿੰਘ